# ਗੁਰਮੁਖਿ ਸਾਇਰਿ ਪਾਹਣ ਤਾਰੇ

## (ਰਾਮਕਲੀ ਮਹਲਾ ੧ ਸਿਧ ਗੋਸਟਿ)

ੴ ਸਤਿ ਗੁਰ ਪ੍ਰਸਾਦਿ ॥

### ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਸਾਹਿਬ ਦੀ, ਰਾਗ ਰਾਮਕਲੀ ਵਿਚ ਉਚਾਰਣ ਕੀਤੀ ਬਾਣੀ '**ਸਿਧ ਗੋਸਟਿ**' ਵਿਚ ੪੦ਵਾਂ ਪਦਾ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਕ ੯੪੨ ਤੇ ਸੁਭਾਇਮਾਨ ਹਨ।

ਇਸ ਪਦੇ ਵਿਚ ਤ੍ਰੇਤੇ ਜੁਗ ਵਿਚ ਪ੍ਰਕਾਸ਼ ਹੋਏ ਗੁਰ-ਜੋਤਿ ਰੂਪੀ ਮਹਾਤਮਾ, ਸ੍ਰੀ ਰਾਮ ਚੰਦਰ ਜੀ ਦੀ, ਗੁਰਮੁਖਿ ਦੀ ਅਵੱਸਥਾ ਦਸ ਕੇ, ਵਡਿਆਈ ਕੀਤੀ ਗਈ ਹੈ। ਚੇਤੇ ਰਹੇ, ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ੨੭ਵੀਂ ਪਉੜੀ ਵਿਚ, ਇਹੀ ਗੁਰਮੁਖਿ ਦੀ ਅਵੱਸਥਾ ਸ੍ਰੀ ਗੁਰੂ ਨਾਨਕ ਸਾਹਿਬ ਦੀ ਦਸੀ ਹੈ - 'ਗੁਰਮੁਖਿ ਕਲਿ ਵਿਚ ਪਰਗਟ ਹੋਆ॥' ਵਾਰ ੧:੩੮ ਵਿਚ ਵੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਗੁਰਮੁਖਿ ਦਸਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਉਨ੍ਹਾਂ ਨੇ ਮਨੁਖਤਾ ਤੋਂ ਅਥਰਵਣ ਵੇਦ ਵਾਲਾ ਜਾਦੂ ਟੂਣਿਆ ਦਾ ਭਾਰ ਲਾਹ ਸੁੱਟਿਆ- 'ਗੁਰਮੁਖਿ ਭਾਰ ਅਥਰਬਣਿ ਤਾਰਾ॥'

ਗੁਰਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ, 'ਵਡਹੰਸ ਕੀ ਵਾਰ' ਦੀ ੧੩ਵੀਂ ਪਉੜੀ ਵਿਚ ਗੁਰਮੁਖਿ ਦੀ ਅਵੱਸਥਾ ਭਗਤ ਪ੍ਰਹਲਾਦ, ਰਾਜਾ ਜਨਕ ਅਤੇ ਰਿਖੀ ਬਸਿਸਟ ਜੀ ਦੀ ਵੀ ਦਸੀ ਹੈ - 'ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥ ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ॥ ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥', ਅੰਕ ੫੯੧.

- - ਸ੍ਰੀ ਗੁਰੂ ਨਾਨਕ ਸਾਹਿਬ ਇਸ ਪਦੇ ਵਿਚ ਸ੍ਰੀ ਰਾਮ ਚੰਦਰ ਜੀ ਨੂੰ 'ਗੁਰਮੁਖਿ' ਦਸਦੇ ਹੋਏ ਬਿਆਨ ਕਰਦੇ ਹਨ ਕਿ ਵਿਧਾਤਾ ਨੇ ਗੁਰਮੁਖਿ ਸ੍ਰੀ ਰਾਮ ਚੰਦਰ ਜੀ ਦੇ ਰੂਪ ਵਿਚ ਆ ਕੇ ਪੱਥਰਾਂ ਦਾ ਪੁਲ ਬੰਨ੍ਹਿਆਂ। ਪਾਪ ਰੂਪ ਲੰਕਾ ਲੁਟ ਲਈ ਅਤੇ ਰਾਵਣ ਰੂਪ ਦੈਂਤ ਨੂੰ ਮੌਤ ਦਾ ਸੰਤਾਪ ਭੋਗਣਾ ਪਿਆ।

ਅਜਿਹੀ ਵਡਿਆਈ ਭਗਤ ਨਾਮਦੇਵ ਜੀ ਨੇ ਵੀ, ਪੰਨਾ ੬੫੭ ਤੇ, ਸੋਰਠਿ ਰਾਗ ਵਿਚ ਕੀਤੀ ਹੈ ਜਦੋਂ ਗੁਆਂਢਣ, ਭਗਤ ਜੀ ਤੋਂ, ਉਨ੍ਹਾਂ ਦੀ ਛੰਨ (Hut) ਵਰਗੀ ਸੁੰਦਰ ਛੰਨ ਪਵਾਉਣ ਲਈ ਕਾਰੀਗਰ, ਬੇਢੀ-ਪ੍ਰਭੂ ਦਾ ਪਤਾ ਪੁਛਦੀ ਹੈ ਤਾਂ ਭਗਤ ਜੀ ਬੇਢੀ-ਪ੍ਰਭੂ ਦੇ ਗੁਣ ਦਸਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਉਸ ਬੇਢੀ-ਪ੍ਰਭੂ ਨੇ ਸਮੁੰਦਰ ਤੇ ਪੁਲ ਬੰਨ੍ਹਿਆਂ ਸੀ ਅਤੇ ਉਸ ਨੇ ਹੀ ਹੋਰ ਜੁਗ ਵਿਚ ਧ੍ਰੂ ਨੂੰ ਅਟਲ ਪਦਵੀ ਬਖਸ਼ੀ ਸੀ, ਉਸੇ ਨੇ ਰਾਵਣ ਦੀ ਕੈਦ ਤੋਂ ਸੀਤਾ ਛਡਾਅ ਕੇ ਲਿਆਂਦੀ ਸੀ ਅਤੇ ਭਭੀਖਣ ਨੂੰ ਲੰਕਾ ਦਾ ਰਾਜ ਸੌਂਪਿਆ ਸੀ - 'ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥ ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥', ਅੰਕ ੬੭੩ ਤੇ ਤਾਂ ਭਗਤ ਜੀ ਹੋਰ ਸਪੱਸ਼ਟ ਕਰ ਦਿੰਦੇ ਹਨ ਜਦੋਂ ਉਹ ਰਾਜਾ ਦਸਰਥ ਦੇ ਕਹਾਉਂਦੇ ਪੁਤਰ ਸ੍ਰੀ ਰਾਮ ਚੰਦਰ ਜੀ ਨੂੰ ਆਪਣੇ ਦਿਲ ਦਾ ਰਾਜਾ ਹੀ ਕਹਿਦੇ ਹਨ ਕਿ ਉਹ ਉਸਦੇ ਨਾਮ ਅੰਮ੍ਰਿਤ ਦਾ ਤੱਤ-ਰਸ ਪੀਂਦੇ ਹਨ - 'ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥' ਭੱਟ ਗਯੰਦ ਜੀ ਨੇ ਵੀ ਬੜੇ ਸੁੰਦਰ ਸ਼ਬਦਾਂ ਵਿਚ ਸ੍ਰੀ ਰਾਮ ਚੰਦਰ ਜੀ ਦੀ ਮਹਿਮਾ ਕੀਤੀ ਹੈ ਕਿ ਰਘੂਕੁਲ ਵਿਚ, ਰਾਜਾ ਦਸ਼ਰਥ ਦੇ ਘਰ, ਸ਼੍ਰੋਮਣੀ, ਸੁੰਦਰ ਸ੍ਰੀ ਰਾਮ ਚੰਦਰ ਜੀ ਹਨ ਜਿਨ੍ਹਾਂ ਦੀ ਸ਼ਰਣ ਪ੍ਰਾਪਤ ਕਰਨੀ,

ਭਗਤ, ਮੁਨੀ ਜਨ ਲੋਚਦੇ ਹਨ - 'ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ॥', ਪੰਨਾ ੧੪੦੧.

**ਰਾਮਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥**

-- ਸ੍ਰੀ ਰਾਮ ਚੰਦਰ ਜੀ ਨੇ ਹੰਕਾਰੀ ਰਾਵਣ ਨੂੰ ਮਾਰ ਦਿਤਾ ਅਤੇ ਉਸ ਗੁਰਮੁਖਿ ਭਭੀਖਣ ਨੇ, ਪਾਪੀ ਰਾਵਣ ਦੇ ਮਾਰਣ ਦੇ ਢੰਗ ਦਾ ਗੁਪਤ ਭੇਦ ਸ੍ਰੀ ਰਾਮ ਚੰਦਰ ਜੀ ਨੂੰ ਦਿਤਾ। ਇਸੇ ਕਰਕੇ ਹੀ ਭਗਤ ਨਾਮਦੇਵ ਜੀ ਦੇ ਦਸੇ ਅਨੁਸਾਰ, ਇਨਾਮ ਰੂਪ ਵਿਚ ਭਭੀਖਣ ਨੂੰ ਯੋਗ ਜਾਣ ਕੇ ਲੰਕਾ ਦਾ ਰਾਜ ਸੌਂਪਿਆ। ਕਿਉਂਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਸਣ ਅਨੁਸਾਰ ਰਾਜ ਤਖ਼ਤ ਤੇ ਯੋਗ ਵਿਅਕਤੀ, ਜਿਸ ਨੇ ਪੰਜੇ ਵਿਕਾਰਾਂ ਤੇ ਫ਼ਤਹਿ ਪ੍ਰਾਪਤ ਕੀਤੀ ਹੋਵੇ, ਦਾ ਹੀ ਬੈਠਣਾ ਉਚਿਤ ਹੁੰਦਾ ਹੈ। ਭਭੀਖਣ ਤੇ ਸ੍ਰੀ ਰਾਮ ਚੰਦਰ ਜੀ ਦੀ ਕਿਰਪਾ ਹੋ ਚੁਕੀ ਸੀ, ਇਸ ਲਈ ਉਹ ਰਾਜਾ ਬਣਨ ਦੇ ਯੋਗ ਸੀ - 'ਤਖਤਿ ਬਹੈ ਤਖਤੈ ਕੀ ਲਾਇਕ॥ ਪੰਚ ਸਮਾਇ ਗੁਰਮਤਿ ਪਾਇਕ॥', ਅੰਕ ੧੦੩੯ ਅਤੇ - 'ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥', ਅੰਕ ੧੦੮੮.

**ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥**

-- ਗੁਰਮੁਖਿ ਸ੍ਰੀ ਰਾਮ ਚੰਦਰ ਜੀ ਨੇ ਸਮੁੰਦਰ ਤੇ ਪੱਥਰ ਵੀ ਤਾਰ ਦਿਤੇ ਅਤੇ ਉਸ ਗੁਰਮੁਖਿ ਨੇ ਤੇਤੀ ਕਰੋੜਾਂ ਦਾ ਉਧਾਰ ਕੀਤਾ। ਗੁਰਬਾਣੀ ਅਨੁਸਾਰ ਗੁਰਮੁਖਿ ਤਾਂ ਦੁਨੀਆਂ ਵਿਚ ਉਧਾਰ ਕਰਣ ਹਿਤ ਹੀ ਆਉਂਦੇ ਹਨ ਜਿਵੇਂ ਕਿ, ਪੰਨਾ ੭੪੯ ਤੇ, ਪੰਜਵੇਂ ਪਾਤਸ਼ਾਹ ਦਾ ਗੁਰ ਵਾਕ ਹੈ - 'ਜਨਮ ਮਰਣੁ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥'

ਚੇਤੇ ਰਹੇ ਕਿ ਸਮੁਚੀ ਗੁਰਬਾਣੀ ਅਨੁਸਾਰ, ਸ੍ਰੀ ਰਾਮ ਚੰਦਰ ਜੀ, ਗੁਰ ਜੋਤਿ ਦੀ ਲੜੀ ਵਿਚ, ਤ੍ਰੇਤੇ ਜੁਗ ਵਿਚ ਆਏ ਸਨ। ਇਸ ਸਚਿਆਈ ਦੀ ਵਿਆਖਿਆ ਗੁਰਬਾਣੀ ਦੇ ਅਧਾਰ ਤੇ 'ਕਬਿ ਕਲ ਸੁਜਸੁ ਗਾਵਉ ਗੁਰ ਨਾਨਕ' ਦੀ ਲੜੀ ਵਿਚ ਕੀਤੀ ਜਾ ਚੁਕੀ ਹੈ।

